# ਸੰਤੁਲਿਤ ਬਜਟ ਪਰਿਵਾਰਾਂ ਵਿੱਚ ਨਿਵੇਸ਼ ਕਰਦਾ ਹੈ

ਸੰਤੁਲਿਤ ਬਜਟ 2013 ਦੀਆਂ ਵਿਸ਼ੇਸ਼ਤਾਵਾਂ

## ਬ੍ਰਿਟਿਸ਼ ਕੋਲੰਬੀਆ ਲਈ ਸੰਤੁਲਿਤ ਬਜਟ

ਅਗਲੇ ਤਿੰਨ ਸਾਲ ਦੌਰਾਨ ਸਰਕਾਰੀ ਆਮਦਨ ਵਿੱਚ ਔਸਤਨ ਤਿੰਨ ਫ਼ੀ ਸਦੀ ਸਾਲਾਨਾ ਵਾਧਾ ਹੋਣ ਦੀ ਉਮੀਦ ਹੈ। ਪਰ ਅਸੀਂ ਖ਼ਰਚਿਆਂ ਉੱਪਰ ਨਜ਼ਰ ਰੱਖਣੀ ਜਾਰੀ ਰੱਖਾਂਗੇ। ਤਿੰਨ ਸਾਲਾਂ ਦੌਰਾਨ ਖ਼ਰਚਿਆਂ ਵਿੱਚ ਹਰ ਸਾਲ ਔਸਤਨ ਸਿਰਫ਼ 1.5 ਫ਼ੀ ਸਦੀ ਵਾਧਾ ਹੀ ਹੋਵੇਗਾ ਜਿਸ ਨਾਲ ਅਸੀਂ ਬਜਟ ਵਿੱਚ ਵਾਧੂ ਬਚਤਾਂ (ਸਰਪਲਸ) ਦੀ ਰਾਹ 'ਤੇ ਪਏ ਰਹਿ ਸਕਾਂਗੇ, ਤਰਜੀਹੀ ਕਾਰਜਾਂ ਵਿੱਚ ਨਿਵੇਸ਼ ਕਰ ਸਕਾਂਗੇ ਅਤੇ ਮੁੜ ਸੂਬਾਈ ਕਰਜ਼ਾ ਘਟਾਉਣ ਲਈ ਅਦਾਇਗੀ ਕਰ ਸਕਾਂਗੇ।

ਬਜਟ 2013 ਅਗਲੇ ਤਿੰਨ ਸਾਲਾਂ ਦੌਰਾਨ ਬੀ.ਸੀ. ਨੂੰ ਸੇਧ ਦੇਣ ਲਈ ਸੂਝਵਾਨ, ਯਥਾਰਥਕ ਯੋਜਨਾ ਉਲੀਕਦਾ ਹੈ। ਇਸ ਯੋਜਨਾ ਨੂੰ ਤਿਆਰ ਕਰਨਾ ਸੌਖਾ ਨਹੀਂ ਰਿਹਾ ਹੈ ਅਤੇ ਸਾਨੂੰ ਕੁਝ ਮੁਸ਼ਕਲ ਫ਼ੈਸਲੇ ਲੈਣੇ ਪਏ ਹਨ। ਪਰ ਸਾਡੀ ਆਰਥਿਕਤਾ ਨੂੰ ਮੁੜ ਸੰਭਲਣ ਵਿੱਚ ਸਹਾਰਾ ਦੇਣ ਲਈ ਅਤੇ ਜਿਹੜੀਆਂ ਸੇਵਾਵਾਂ ਉੱਪਰ ਬ੍ਰਿਟਿਸ਼ ਕੋਲੰਬੀਆ ਦੇ ਲੋਕ ਰੋਜ਼ਾਨਾ ਨਿਰਭਰ ਕਰਦੇ ਹਨ, ਉਨ੍ਹਾਂ ਲਈ ਸਮਰਥਨ ਨੂੰ ਬਰਕਰਾਰ ਰੱਖਣ ਵਾਲੇ ਉਪਾਅ ਦਾ ਸਹੀ ਸੰਤੁਲਨ ਲੱਭਣ ਲਈ ਅਸੀਂ ਸਖ਼ਤ ਮਿਹਨਤ ਕੀਤੀ ਹੈ।

ਬਜਟ 2013 ਪੂਰੀ ਤਰ੍ਹਾਂ ਸਾਡੇ ਸੂਬੇ ਦੇ ਭਵਿੱਖ ਨੂੰ ਸਮਰਪਿਤ ਹੈ। ਸਰਕਾਰ ਆਪਣੀ ਸਮਰੱਥਾ ਤੋਂ ਵੱਧ ਖ਼ਰਚਾ ਨਹੀਂ ਕਰੇਗੀ ਅਤੇ ਅਸੀਂ ਬੇਲੋੜੇ ਕਰਜ਼ਿਆਂ ਦੀ ਵਿਰਾਸਤ ਨਹੀਂ ਛੱਡਾਂਗੇ। ਅਸੀਂ ਉਸ ਵਾਅਦੇ 'ਤੇ ਪੂਰੇ ਉੱਤਰੇ ਹਾਂ ਜੋ ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਕੀਤਾ ਸੀ: ਸਾਡੀ ਨਵੀਂ ਮਾਲੀ ਯੋਜਨਾ ਦੇ ਪੂਰੇ ਤਿੰਨ ਸਾਲਾਂ ਦੌਰਾਨ ਸੰਤੁਲਿਤ ਬਜਟ।

**2013/14 ਵਿੱਚ ਬਜਟ ਵਿੱਚ ਬਚਤ ਵੱਲ ਵਾਪਸੀ**




*ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਮਾਲੀ ਸਮਝਦਾਰੀ ਅਤੇ ਨਿਯੰਤ੍ਰਿਤ ਸਰਕਾਰੀ ਖ਼ਰਚਿਆਂ ਨੇ ਬੀ.ਸੀ. ਨੂੰ ਅਜਿਹੇ ਮੁਕਾਮ 'ਤੇ ਪਹੁੰਚਾ ਦਿੱਤਾ ਹੈ ਜਿਸ ਨੂੰ ਕਈ ਹੋਰ ਅਧਿਕਾਰ ਖੇਤਰ ਵੀ ਹਾਸਲ ਕਰਨਾ ਲੋਚਦੇ ਹਨ। ਜਿਸ ਅਨੁਸ਼ਾਸਨ ਨੇ ਆਰਥਿਕ ਮੰਦਵਾੜੇ ਦੇ ਸਭ ਤੋਂ ਮੰਦੇ ਪੜਾਅ ਵਿੱਚੋਂ ਨਿਕਲਣ ਵਿੱਚ ਸਾਡੀ ਮਦਦ ਕੀਤੀ, ਹੁਣ ਉਸ ਅਨੁਸ਼ਾਸਨ ਨੂੰ ਤਿਆਗਣ ਦਾ ਸਮਾਂ ਨਹੀਂ ਹੈ। ਮੁਸ਼ਕਲ ਫ਼ੈਸਲੇ ਕਰ ਕੇ ਬਚਤ ਹਾਸਲ ਕਰਨ ਨਾਲ ਸਾਨੂੰ ਬੀ.ਸੀ. ਦੇ ਤਰਜੀਹੀ ਕਾਰਜਾਂ ਵਿੱਚ ਨਿਵੇਸ਼ ਕਰਨ ਵਿੱਚ ਮਦਦ ਮਿਲਦੀ ਹੈ। ਅਸੀਂ ਬੀ.ਸੀ. ਵਿਚਲੇ ਪਰਿਵਾਰਾਂ ਨਾਲ ਸਾਂਝੇਦਾਰੀ ਕਰਾਂਗੇ ਤਾਂ ਕਿ ਆਪਣੇ ਬੱਚਿਆਂ ਦੀ ਪੜ੍ਹਾਈ ਵਾਸਤੇ ਬਚਤ ਦੀ ਤਾਕਤ ਦਾ ਫ਼ਾਇਦਾ ਉਠਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।*

*ਮਾਣਯੋਗ*
*ਮਾਈਕਲ ਡੀ ਯੌਂਗ, ਕਿਊ.ਸੀ.*
ਮਨਿਸਟਰ ਆਫ਼ ਫ਼ਾਇਨੈਂਸ
(ਵਿੱਤ ਮੰਤਰੀ)

BRITISH COLUMBIA

# ਸੰਤੁਲਿਤ ਬਜਟ ਹਾਸਲ ਕਰਨਾ

**Q** ਕੀ ਤੁਸੀਂ ਮਹੱਤਵਪੂਰਣ ਸਰਕਾਰੀ ਜਾਇਦਾਦਾਂ ਵੇਚ ਰਹੇ ਹੋ?

**A** ਨਹੀਂ। ਬਜਟ ਨੂੰ ਸੰਤੁਲਿਤ ਕਰਨ ਲਈ, ਅਸੀਂ ਸਰਕਾਰੀ ਵਹੀ-ਖਾਤਿਆਂ ਵਿੱਚ ਦਰਜ, ਟੈਕਸ ਅਦਾ ਕਰਨ ਵਾਲਿਆਂ ਦਾ ਖ਼ਰਚਾ ਵਧਾਉਣ ਵਾਲੀਆਂ ਅਤੇ ਚੰਗਾ ਪ੍ਰਤਿਲਾਭ ਦੇਣ ਤੋਂ ਅਸਮਰੱਥ, ਕੁਝ ਵਾਧੂ, ਪੂਰੀ ਤਰ੍ਹਾਂ ਇਸਤੇਮਾਲ ਨਾ ਹੋਣ ਵਾਲੀਆਂ ਜਾਇਦਾਦਾਂ ਅਤੇ ਅਸਾਸਿਆਂ ਨੂੰ ਵੇਚ ਦੇਵਾਂਗੇ। ਇਨ੍ਹਾਂ ਅਸਾਸਿਆਂ ਦੇ ਬਿਹਤਰ ਇਸਤੇਮਾਲ ਰਾਹੀਂ ਅਸੀਂ ਨੌਕਰੀਆਂ ਸਿਰਜਣ ਅਤੇ ਆਪਣੀ ਆਰਥਿਕਤਾ ਵਿਚਲੇ ਨਿਵੇਸ਼ ਵਿੱਚ ਵੱਧ ਤੋਂ ਵੱਧ ਵਾਧਾ ਕਰ ਸਕਾਂਗੇ।

## ਸਰਕਾਰੀ ਆਮਦਨ ਦੀ ਪੇਸ਼ੀਨਗੋਈ ਦੀ ਆਜ਼ਾਦ ਸਮੀਖਿਆ

ਬੀ.ਸੀ. ਦੀ ਸਰਕਾਰ ਬਜਟ ਵਿੱਚ ਵਿਸ਼ਵਾਸ ਸਥਾਪਤ ਕਰਨ ਲਈ ਵਚਨਬੱਧ ਹੈ। ਇਸ ਲਈ ਰਾਸ਼ਟਰੀ ਪੱਧਰ 'ਤੇ ਸਤਿਕਾਰੇ ਜਾਂਦੇ ਅਰਥ-ਸ਼ਾਸਤਰੀ ਡਾ. ਟਿਮ ਓ'ਨੀਲ ਨੂੰ ਆਰਥਕ ਅਤੇ ਸਰਕਾਰੀ ਆਮਦਨ ਸੰਬੰਧੀ ਪੇਸ਼ੀਨਗੋਈਆਂ ਦੀ ਸਮੀਖਿਆ ਕਰਨ ਦਾ ਕੰਮ ਸੌਂਪਿਆ ਗਿਆ ਸੀ। ਡਾ. ਓ'ਨੀਲ ਨੇ ਪੇਸ਼ੀਨਗੋਈਆਂ ਦੀ ਸਮੀਖਿਆ ਕੀਤੀ ਅਤੇ ਬਜਟ 2013 ਜਾਰੀ ਹੋਣ ਤੋਂ ਪਹਿਲਾਂ ਜਨਤਕ ਰੂਪ ਵਿੱਚ ਰਿਪੋਰਟ ਦਿੱਤੀ।

ਭਾਵੇਂ ਅਸੀਂ ਵਿਸ਼ਵ ਦੀ ਡਾਵਾਂਡੋਲ ਆਰਥਿਕਤਾ ਜਾਂ ਵਸਤਾਂ ਦੀਆਂ ਕੀਮਤਾਂ 'ਤੇ ਕਾਬੂ ਨਹੀਂ ਕਰ ਸਕਦੇ, ਪਰ ਅਸੀਂ ਬੀ.ਸੀ. ਨੂੰ ਇਨ੍ਹਾਂ ਦੇ ਅਸਰ ਤੋਂ ਸੁਰੱਖਿਅਤ ਕਰ ਸਕਦੇ ਹਾਂ ਅਤੇ ਆਪਣੇ ਖ਼ਰਚਿਆਂ ਨੂੰ ਕਾਬੂ ਕਰ ਸਕਦੇ ਹਾਂ।

## 2013/14 ਦੌਰਾਨ ਬਜਟ ਵਿੱਚ ਵਾਧੂ ਬਚਤ ਕਰਨ ਅਤੇ ਆਉਂਦੇ ਸਾਲਾਂ ਦੌਰਾਨ ਬਜਟ ਵਿੱਚ ਇਸ ਬਚਤ ਵਾਧੇ ਨੂੰ ਹੋਰ ਵਧਾਉਣ ਵਿੱਚ ਚਾਰ ਪ੍ਰਮੁੱਖ ਕਦਮ ਬੀ.ਸੀ. ਦੀ ਮਦਦ ਕਰਨਗੇ

- ਅਗਲੇ ਦੋ ਸਾਲਾਂ ਦੌਰਾਨ ਕੁੱਲ $625 ਮਿਲੀਅਨ ਦੇ ਮੁੱਲ ਦੀਆਂ ਵਾਧੂ ਜਾਇਦਾਦਾਂ ਅਤੇ ਅਸਾਸਿਆਂ ਦੀ ਵਿਕਰੀ।
- ਟੈਕਸ ਸੰਬੰਧੀ ਮਿੱਥੇ ਹੋਏ ਉਪਾਅ ਜਿਨ੍ਹਾਂ ਨਾਲ ਅਗਲੇ ਤਿੰਨ ਸਾਲਾਂ ਦੌਰਾਨ $1.2 ਬਿਲੀਅਨ ਦੀ ਵਾਧੂ ਸਰਕਾਰੀ ਆਮਦਨ ਹੋਣ ਦੀ ਉਮੀਦ ਹੈ।
- ਖ਼ਰਚਿਆਂ ਦੇ ਵਾਧੇ ਦਾ ਪ੍ਰਬੰਧਨ ਜਿਸ ਰਾਹੀਂ ਤਿੰਨ ਸਾਲਾਂ ਦੌਰਾਨ $1.1 ਬਿਲੀਅਨ ਉਪਲਬਧ ਹੋਣਗੇ।
- ਨਿਰੋਲ ਆਰਥਿਕ ਵਿਕਾਸ ਰਾਹੀਂ $1.7 ਬਿਲੀਅਨ ਦੀ ਵਾਧੂ ਸਰਕਾਰੀ ਆਮਦਨ ਹੋਣ ਦੀ ਆਸ।

## ਬਜਟ ਵਿਚਲੇ ਘਾਟੇ ਨੂੰ ਘਟਾਉਣਾ




[1] ਸਾਲ 2013/14 ਵਿੱਚ ਲਿਟਲ ਮਾਊਂਟੇਨ ਸੇਲ ਅਤੇ ਸ਼ਰਾਬ ਦੇ ਵਿਤਰਨ ਵਾਲੀ ਸ਼ਾਖਾ ਦੇ ਵੇਅਰਹਾਊਸ ਨੂੰ ਨਵੀਂ ਥਾਂ 'ਤੇ ਸਥਾਪਤ ਕਰਨ ਦੇ ਅਸਰ ਵੀ ਸ਼ਾਮਲ ਹਨ।

# ਪੁੱਜਤ ਵਾਲੀ ਸਿਹਤ ਸੰਭਾਲ, ਨਤੀਜੇ ਹਾਸਲ ਕਰਨੇ

ਸਿਹਤ ਸੰਭਾਲ ਉੱਪਰ ਕੀਤਾ ਜਾਣ ਵਾਲਾ ਖ਼ਰਚਾ ਬਿਹਤਰ ਸਿਹਤ ਨਤੀਜੇ ਪ੍ਰਦਾਨ ਕਰਨ ਵੱਲ ਟੀਚਾਬੱਧ ਕੀਤਾ ਗਿਆ ਹੈ ਜਿਸ ਨਾਲ ਸਾਡੀ ਸਿਹਤ ਸੰਭਾਲ ਪ੍ਰਣਾਲੀ ਮੁਲਕ ਭਰ ਵਿਚਲੀਆਂ ਸਭ ਤੋਂ ਉੱਤਮ ਸਿਹਤ ਦੇਖਭਾਲ ਪ੍ਰਣਾਲੀਆਂ ਵਿੱਚੋਂ ਇੱਕ ਹੋਵੇਗੀ। ਸਿਹਤ ਸੰਬੰਧੀ ਖ਼ਰਚੇ ਵਿੱਚ ਬਚਤ ਅਤੇ ਨਿਪੁੰਨਤਾ ਮਨਿਸਟਰੀ ਆਫ਼ ਹੈਲਥ (ਸਿਹਤ ਮੰਤਰਾਲਾ) ਦੇ ਬਜਟ ਦੇ ਵਾਧੇ ਨੂੰ 2.6 ਫ਼ੀ ਸਦੀ ਦੀ ਸਾਲਾਨਾ ਔਸਤ ਤਕ ਸੀਮਿਤ ਰੱਖੇਗੀ — ਪਰ ਫ਼ਿਰ ਵੀ ਤਿੰਨ ਸਾਲਾਂ ਦੌਰਾਨ $2.4 ਬਿਲੀਅਨ ਦੀ ਨਵੀਂ ਫ਼ੰਡਿੰਗ ਪ੍ਰਦਾਨ ਕਰੇਗੀ, ਜਿਸ ਨਾਲ ਸਾਲ 2015-16 ਤਕ ਇਸ ਦੀ ਕੁੱਲ ਰਕਮ $17.4 ਬਿਲੀਅਨ ਹੋ ਜਾਵੇਗੀ। ਹੋਰਨਾ ਸੂਬਿਆਂ ਦੇ ਮੁਕਾਬਲੇ ਪ੍ਰਤੀ ਵਿਅਕਤੀ ਸਿਹਤ ਖ਼ਰਚਿਆਂ ਦੀ ਦੂਜੀ ਸਭ ਤੋਂ ਘੱਟ ਦਰ ਨੂੰ ਬਰਕਰਾਰ ਰੱਖਦਿਆਂ, ਬੀ.ਸੀ. ਪ੍ਰਮੁੱਖ ਸਿਹਤ ਨਤੀਜੇ ਨਿਰੰਤਰ ਹਾਸਲ ਕਰ ਰਿਹਾ ਹੈ ਜੋ ਮੁਲਕ ਦਾ ਮਾਰਗ-ਦਰਸ਼ਨ ਕਰਦੇ ਹਨ।




## ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦਾ ਸਮਰਥਨ ਕਰਨਾ

» ਆਰ.ਸੀ.ਐੱਮ.ਪੀ. ਵੱਲੋਂ ਪੁਲਿਸ ਸੇਵਾਵਾਂ ਉੱਤੇ ਖ਼ਰਚ ਲਈ ਤਿੰਨ ਸਾਲਾਂ ਦੌਰਾਨ $52 ਮਿਲੀਅਨ ਤਾਂ ਕਿ ਮੌਜੂਦਾ ਮੁੱਖ-ਧਾਰਾ ਸੇਵਾਵਾਂ ਨੂੰ ਬਰਕਰਾਰ ਰੱਖਿਆ ਜਾ ਸਕੇ, ਜਿਵੇਂ ਕਿ ਸੰਗਠਤ ਜੁਰਮਾਂ ਅਤੇ ਗੈਂਗ ਸੰਬੰਧੀ ਗਤੀਵਿਧੀਆਂ ਦਾ ਮੁਕਾਬਲਾ ਕਰਨ ਵਾਲੇ ਅਫ਼ਸਰਾਂ ਦੀ ਭਰਤੀ।

» ਸਿੰਗਲ ਰੂਮ ਔਕੂਪੈਂਸੀ ਹੋਟਲ ਰੀਨਿਊਲ ਦੇ ਸਮਰਥਨ ਲਈ ਵਾਧੂ $13 ਮਿਲੀਅਨ।

» ਜ਼ਿੰਮੇਵਾਰਾਨਾ ਢੰਗ ਨਾਲ ਜੂਆ ਖੇਡਣ ਸੰਬੰਧੀ ਕਾਰਜਨੀਤੀ ਲਈ ਹੋਰ $5 ਮਿਲੀਅਨ ਤਾਂ ਕਿ ਇਲਾਜ, ਕਾਊਂਸਲਿੰਗ ਅਤੇ ਸਮੱਸਿਆਤਮਕ ਜੂਏ ਦੀ ਰੋਕਥਾਮ ਲਈ ਹੋਰਨਾ ਸੇਵਾਵਾਂ ਵਾਸਤੇ ਫ਼ੰਡ ਮੁਹੱਈਆ ਕੀਤੇ ਜਾ ਸਕਣ।

» ਉਨ੍ਹਾਂ ਸਾਰੇ ਪਰਿਵਾਰਾਂ ਵਾਸਤੇ ਪ੍ਰਾਪਰਟੀ ਟੈਕਸ ਨੂੰ ਟਾਲਣ ਦੇ ਪ੍ਰੋਗਰਾਮ ਦਾ ਵਿਸਥਾਰ ਜੋ ਕਿਸੇ ਵੀ ਵਿਦਿਅਕ ਅਦਾਰੇ ਵਿੱਚ ਪੜ੍ਹ ਰਹੇ ਬੱਚੇ ਨੂੰ ਸਹਾਰਾ ਦੇ ਰਹੇ ਹਨ ਅਤੇ ਜੋ ਅਪਾਹਜ ਹੋਏ ਬਾਲਗ ਬੱਚਿਆਂ ਨੂੰ ਸਹਾਰਾ ਦੇ ਰਹੇ ਹਨ।

» ਤਿੰਨ ਸਾਲਾਂ ਦੌਰਾਨ $60 ਮਿਲੀਅਨ ਨਾਲ ਸਪੋਰਟਸ ਐਂਡ ਆਰਟਸ ਲੈਗੇਸੀ ਲਈ ਫ਼ੰਡਿੰਗ ਜਾਰੀ ਰੱਖਣੀ।

*ਬ੍ਰਿਟਿਸ਼ ਕੋਲੰਬੀਆ ਵਿੱਚ ਮੁਲਕ ਭਰ ਵਿੱਚੋਂ ਅੰਦਾਜ਼ਨ ਜੀਵਨ-ਕਾਲ ਸਭ ਤੋਂ ਲੰਮਾ ਹੈ, ਕੈਂਸਰ ਹੋਣ ਦੇ ਵਾਕਿਆ ਸਭ ਤੋਂ ਘੱਟ ਹਨ ਅਤੇ ਜਿਨ੍ਹਾਂ ਨੂੰ ਕੈਂਸਰ ਹੁੰਦਾ ਹੈ, ਬੀ.ਸੀ. ਵਿੱਚ ਉਨ੍ਹਾਂ ਦੇ ਕੈਂਸਰ ਤੋਂ ਜਿਉਂਦੇ ਬਚਣ ਦੀ ਦਰ ਕਾਫ਼ੀ ਵਧੀਆ ਹੈ। ਨਾਲ ਹੀ, ਅਸੀਂ ਇਕਲੌਤਾ ਅਜਿਹਾ ਸੂਬਾ ਹਾਂ ਜਿੱਥੇ ਐੱਚ.ਆਈ.ਵੀ. ਦੀ ਪਛਾਣ ਕੀਤੇ ਜਾਂਦੇ ਨਵੇਂ ਕੇਸਾਂ ਵਿੱਚ ਨਿਰੰਤਰ ਕਮੀ ਆ ਰਹੀ ਹੈ।*



## ਦੁੱਧ ਸ਼ਾਮਲ ਕਰੋ!

$1 ਮਿਲੀਅਨ ਦੀ ਨਵੀਂ ਫ਼ੰਡਿੰਗ ਬੀ.ਸੀ. ਡੇਅਰੀ ਅਸੋਸੀਏਸ਼ਨ ਨਾਲ ਨਾਵੀਂ ਸਾਂਝੇਦਾਰੀ ਰਾਹੀਂ ਸਕੂਲ ਫਰੂਟ ਐਂਡ ਵੈਜੀਟੇਬਲ ਨਿਊਟ੍ਰਿਸ਼ਨਲ ਪ੍ਰੋਗਰਾਮ ਦਾ ਵਿਸਥਾਰ ਕਰੇਗੀ। ਇਹ ਨਵਾਂ ਉੱਦਮ— ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਸਿਰ ਕੋਈ ਵਾਧੂ ਖ਼ਰਚਾ ਪਾਏ ਬਿਨਾ — ਕਿੰਡਰਗਾਰਟਨ ਤੋਂ 12ਵੀਂ ਤਕ ਦੇ ਸਕੂਲਾਂ ਵਿੱਚ ਸਥਾਨਕ ਦੁੱਧ ਪ੍ਰਦਾਨ ਕਰੇਗਾ। ਇਹ ਪ੍ਰੋਗਰਾਮ 1,400 ਤੋਂ ਵੀ ਵੱਧ ਪਬਲਿਕ ਅਤੇ ਫ਼ਰਸਟ ਨੇਸ਼ਨਜ਼ ਸਕੂਲਾਂ ਵਿਚਲੇ ਵਿਦਿਆਰਥੀਆਂ ਨੂੰ ਸਾਡੇ ਲਈ ਭੋਜਨ ਪ੍ਰਦਾਨ ਕਰਨ ਵਾਲੇ ਬੀ.ਸੀ. ਫ਼ਾਰਮਾਂ ਨਾਲ ਜੋੜਦਾ ਹੈ ਅਤੇ ਵਿਦਿਆਰਥੀਆਂ ਵਿੱਚ ਸਿਹਤਮੰਦ ਭੋਜਨ ਖਾਣ ਦੀਆਂ ਆਦਤਾਂ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ।

# ਬੱਚਿਆਂ ਵਿੱਚ ਨਿਵੇਸ਼ ਕਰਨਾ— ਸਿਖਲਾਈ ਅਤੇ ਵਿੱਦਿਆ

## ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ

ਸਿਰਫ਼ ਆਉਂਦੇ ਦਹਾਕੇ ਵਿੱਚ ਹੀ ਲਗਭਗ ਇੱਕ ਮਿਲੀਅਨ (ਦਸ ਲੱਖ) ਨੌਕਰੀਆਂ ਦੇ ਮੌਕਿਆਂ ਦੀ ਉਮੀਦ ਕਾਰਨ ਬੀ.ਸੀ. ਵਿੱਚ ਰਹਿਣ ਵਾਲੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਕਾਫ਼ੀ ਉਤਸ਼ਾਹਤ ਹਨ। ਭਾਵੇਂ ਹੁਨਰਮੰਦ ਕਿੱਤਿਆਂ ਦੀ ਗੱਲ ਹੋਵੇ ਜਾਂ ਪੇਸ਼ੇਵਰ ਸੇਵਾਵਾਂ ਦੀ, ਨੌਕਰੀਆਂ ਦੇ ਬਹੁਤੇ ਮੌਕਿਆਂ ਲਈ ਕਿਸੇ ਕਿਸਮ ਦੀ ਪੋਸਟ-ਸੈਕੰਡਰੀ ਵਿੱਦਿਆ ਅਤੇ ਸਿਖਲਾਈ ਦੀ ਲੋੜ ਹੋਵੇਗੀ।




ਸਾਲ 2007 ਜਾਂ ਉਸ ਤੋਂ ਬਾਅਦ ਜਨਮੇ, ਬੀ.ਸੀ. ਵਿੱਚ ਰਹਿਣ ਵਾਲੇ ਬੱਚੇ ਦੀ ਉਮਰ ਛੇ ਸਾਲ ਹੋ ਜਾਣ ਤੋਂ ਬਾਅਦ ਨਵੀਂ ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ ਬੱਚੇ ਦੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ ਵਿੱਚ ਇੱਕੋ ਵਾਰੀ ਪ੍ਰਦਾਨ ਕੀਤੀ ਜਾਣ ਵਾਲੀ $1,200 ਦੀ ਗਰਾਂਟ ਮੁਹੱਈਆ ਕਰੇਗੀ। ਆਪਣੇ ਬੱਚੇ ਦੀ ਪੋਸਟ-ਸੈਕੰਡਰੀ ਪੜ੍ਹਾਈ ਲਈ ਛੇਤੀ ਬਚਤ ਸ਼ੁਰੂ ਕਰਨ ਵਿੱਚ ਪਰਿਵਾਰਾਂ ਦੀ ਮਦਦ ਕਰਨਾ ਇਸ ਨਵੇਂ ਪ੍ਰੋਗਰਾਮ ਦਾ ਟੀਚਾ ਹੈ।

ਇਹ ਗਰਾਂਟ ਪ੍ਰਾਪਤ ਕਰਨ ਲਈ ਬਰਾਬਰ ਜਾਂ ਵਾਧੂ ਰਕਮ ਦਾ ਯੋਗਦਾਨ ਪਾਉਣਾ ਲਾਜ਼ਮੀ ਨਹੀਂ ਹੈ। ਪਰਿਵਾਰ ਨੇ ਬਸ ਬੱਚੇ ਦਾ ਆਰ.ਆਰ.ਐੱਸ.ਪੀ. ਅਕਾਊਂਟ ਖੋਲ੍ਹਣਾ ਹੈ ਅਤੇ ਬੱਚੇ ਦੀ ਉਮਰ ਸੱਤ ਸਾਲ ਹੋ ਜਾਣ ਤੋਂ ਪਹਿਲਾਂ ਗਰਾਂਟ ਲਈ ਅਰਜ਼ੀ ਦੇਣੀ ਹੈ।

## ਮਜ਼ਬੂਤ ਸਰਕਾਰੀ ਸਿੱਖਿਆ ਪ੍ਰਣਾਲੀ

ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਦੁਨੀਆ ਭਰ ਵਿਚਲੀਆਂ ਉੱਘੀਆਂ ਸਰਕਾਰੀ ਸਿੱਖਿਆ ਪ੍ਰਣਾਲੀਆਂ ਵਿੱਚੋਂ ਇੱਕ ਨੂੰ ਮਾਣਦੇ ਹਨ। ਆਉਂਦੇ ਤਿੰਨ ਸਾਲਾਂ ਦੌਰਾਨ ਸਕੂਲ ਡਿਸਟ੍ਰਿਕਟਾਂ ਲਈ ਬਲਾਕ ਫ਼ੰਡਿੰਗ ਸਮੁੱਚੇ ਤੌਰ 'ਤੇ ਸਥਿਰ ਰਹੇਗੀ। ਡਿਸਟ੍ਰਿਕਟਾਂ ਨੂੰ ਸਾਲਾਨਾ $4.7 ਬਿਲੀਅਨ ਤੋਂ ਵੀ ਜ਼ਿਆਦਾ ਮਿਲਦੇ ਹਨ। ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਨਾਲ ਰਲ਼ ਕੇ ਕਾਰਜ ਕਰ ਰਹੇ ਹਾਂ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਸਾਰੇ ਵਿਦਿਆਰਥੀ ਕਾਮਯਾਬੀ ਲਈ ਤਿਆਰ ਹਨ। ਲਰਨਿੰਗ ਇੰਪਰੂਵਮੈਂਟ ਫ਼ੰਡ ਦੇ ਸਮਰਥਨ ਲਈ ਸਰਕਾਰ ਤਿੰਨ ਸਾਲਾਂ ਦੌਰਾਨ $210 ਮਿਲੀਅਨ ਨਿਵੇਸ਼ ਕਰ ਰਹੀ ਹੈ। ਆਪਣੇ ਪਹਿਲੇ ਸਾਲ ਵਿੱਚ ਇਸ ਫ਼ੰਡ ਨੇ ਸੂਬੇ ਵਿਚਲੇ ਲਗਭਗ ਹਰ ਪਬਲਿਕ ਸਕੂਲ ਨੂੰ ਵਾਧੂ ਮਦਦ ਪ੍ਰਦਾਨ ਕੀਤੀ ਹੈ।

| ਲਰਨਿੰਗ ਇੰਪਰੂਵਮੈਂਟ ਫ਼ੰਡ ਨਿਵੇਸ਼ |
|---|
| » $37 ਮਿਲੀਅਨ ਦੀ ਲਾਗਤ ਨਾਲ ਲਗਭਗ 500 ਅਧਿਆਪਕ ਨੌਕਰੀ 'ਤੇ ਰੱਖੇ। |
| » ਵਿਸ਼ੇਸ਼ ਜ਼ਰੂਰਤਾਂ ਵਾਲੀ ਸਿੱਖਿਆ ਲਈ $17.3 ਮਿਲੀਅਨ ਸਮਰਪਿਤ ਕੀਤੇ, ਜਿਨ੍ਹਾਂ ਵਿੱਚੋਂ ਕੁਝ ਰਕਮ ਸਕੂਲਾਂ ਵਿੱਚ 400 ਤੋਂ ਵੀ ਵੱਧ ਸਹਾਇਕ ਅਧਿਆਪਕ ਰੱਖਣ ਲਈ ਇਸਤੇਮਾਲ ਕੀਤੀ ਗਈ ਹੈ। |
| » $1.8 ਮਿਲੀਅਨ ਪੇਸ਼ੇਵਰ ਵਿਕਾਸ ਲਈ ਸਮਰਪਿਤ ਕੀਤੇ। |

## ਬ੍ਰਿਟਿਸ਼ ਕੋਲੰਬੀਆ ਅਰਲੀ ਯਿਅਰਜ਼ ਸਟ੍ਰੈਟਿਜੀ

The British Columbia Early Years Strategy (ਬ੍ਰਿਟਿਸ਼ ਕੋਲੰਬੀਆ ਮੁੱਢਲੇ ਸਾਲਾਂ ਲਈ ਕਾਰਜਨੀਤੀ) ਮੁੱਢਲੇ ਸਾਲਾਂ ਨਾਲ ਸੰਬੰਧਤ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਏਕੀਕਰਨ, ਉਨ੍ਹਾਂ ਦੇ ਕਿਫ਼ਾਇਤੀ ਤੇ ਪਹੁੰਚਯੋਗ ਹੋਣ ਅਤੇ ਉਨ੍ਹਾਂ ਦੀ ਉੱਤਮਤਾ ਨੂੰ ਸੁਧਾਰਨ ਲਈ ਸਰਕਾਰ ਦੀ ਵਚਨਬੱਧਤਾ ਦਰਸਾਉਂਦੀ ਹੈ।

| ਅਰਲੀ ਯਿਅਰਜ਼ ਸਟ੍ਰੈਟਿਜੀ ਨਿਵੇਸ਼ | | |
|---|---|---|
| $6 ਮਿਲੀਅਨ<br>2013/14 ਵਿੱਚ | $18 ਮਿਲੀਅਨ<br>2014/15 ਵਿੱਚ | $52 ਮਿਲੀਅਨ<br>2015/16 ਵਿੱਚ |

ਇਨ੍ਹਾਂ $76 ਮਿਲੀਅਨ ਵਿੱਚੋਂ, ਬਜਟ 2013 ਬੱਚਿਆਂ ਦੀ ਦੇਖਭਾਲ (ਚਾਈਲਡ ਕੇਅਰ) ਲਈ ਨਵੀਆਂ ਥਾਵਾਂ ਦੇ ਸਮਰਥਨ ਲਈ ਤਿੰਨ ਸਾਲ ਦੌਰਾਨ $32 ਮਿਲੀਅਨ ਪ੍ਰਦਾਨ ਕਰੇਗਾ; ਬਚਪਨ ਦੇ ਮੁੱਢਲੇ ਪੜਾਅ ਦੌਰਾਨ ਵਿਕਾਸ ਨਾਲ ਸੰਬੰਧਤ ਪ੍ਰੋਗਰਾਮਾਂ ਅਤੇ ਚਾਈਲਡ ਕੇਅਰ ਸੇਵਾਵਾਂ ਦੇ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਲਈ ਵਾਧੂ $7 ਮਿਲੀਅਨ; ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਵਿਸ਼ੇਸ਼ ਤੌਰ 'ਤੇ ਚਾਈਲਡ ਕੇਅਰ ਅਤੇ ਮੁੱਢਲੇ ਸਾਲਾਂ ਨਾਲ ਸੰਬੰਧਤ ਸੇਵਾਵਾਂ ਦੀ ਗੁਣਵੱਤਾ ਦੀ ਬਿਹਤਰੀ ਨੂੰ ਸਹਾਰਾ ਦੇਣ ਲਈ ਵਾਧੂ $37 ਮਿਲੀਅਨ।



### ਬੀ.ਸੀ. ਕ੍ਰੀਏਟਿਵ ਫ਼ਿਊਚਰਜ਼ ਇਨੀਸ਼ੀਏਟਿਵ

ਨੌਜਵਾਨ ਬ੍ਰਿਟਿਸ਼ ਕੋਲੰਬੀਅਨਾਂ ਦਾ ਸਿਰਜਣਾਤਮਕ ਆਰਥਿਕਤਾ ਲਈ ਬਿਹਤਰ ਢੰਗ ਨਾਲ ਤਿਆਰ ਹੋਣਾ ਯਕੀਨੀ ਬਣਾਉਣ ਲਈ ਅਸੀਂ ਕਲਾ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵਧਾਉਣ ਦੇ ਮਕਸਦ ਨਾਲ ਚਲਾਏ ਜਾਣ ਵਾਲੇ ਪ੍ਰੋਗਰਾਮਾਂ ਲਈ $18 ਮਿਲੀਅਨ ਤੋਂ ਵੀ ਵੱਧ ਦੀ ਰਕਮ ਨਿਯਤ ਕੀਤੀ ਹੈ।

### ਬੀ.ਸੀ. ਚਾਈਲਡ ਟੈਕਸ ਬੈਨੀਫ਼ਿਟ

ਅਪ੍ਰੈਲ 2015 ਤੋਂ, ਬੀ.ਸੀ. ਅਰਲੀ ਚਾਈਲਡਹੁੱਡ ਟੈਕਸ ਬੈਨੀਫ਼ਿਟ ਯੋਗ ਪਰਿਵਾਰਾਂ ਨੂੰ $55 ਪ੍ਰਤੀ ਮਹੀਨਾ, ਜਾਂ ਛੇ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਲਈ ਸਾਲਾਨਾ $660 ਪ੍ਰਦਾਨ ਕਰੇਗਾ। ਇਸ ਫ਼ੰਡਿੰਗ ਦਾ ਮਕਸਦ ਛੋਟੇ ਬੱਚਿਆਂ ਦੀ ਪਰਵਰਿਸ਼ ਦੇ ਖ਼ਰਚੇ ਵਿੱਚ ਮਦਦ ਪ੍ਰਦਾਨ ਕਰਨਾ ਹੈ। ਕਿਉਂਕਿ ਇਹ ਕ੍ਰੈਡਿਟ ਮੁੜਨਯੋਗ ਹੈ, ਇਹ ਉਨ੍ਹਾਂ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਉਪਲਬਧ ਹੋਵੇਗਾ ਜੋ ਸੂਬਾਈ ਆਮਦਨ ਟੈਕਸ ਨਹੀਂ ਦਿੰਦੇ।

# ਸਥਿਰ, ਪ੍ਰਫੁੱਲਤ ਹੁੰਦੀ ਆਰਥਿਕਤਾ

## ਨਿਰਯਾਤ ਵਿੱਚ ਵੰਨ-ਸੁਵੰਨਤਾ



### ਲਿਕਵੀਫ਼ਾਇਡ ਨੈਚੁਰਲ ਗੈਸ – ਇੱਕ ਚਿਰਕਾਲੀਨ ਮੌਕਾ

ਏਸ਼ੀਆ ਨਾਲ ਨੇੜਤਾ, ਨੈਚੁਰਲ ਗੈਸ ਦੀ ਭਰਮਾਰ, ਹੁਨਰਮੰਦ ਕਰਮਚਾਰੀ ਦਲ ਅਤੇ ਮੁਕਾਬਲੇ ਦੀ ਟੈਕਸ ਅਤੇ ਰੌਇਲਟੀ ਪ੍ਰਣਾਲੀ ਕਾਰਨ ਬੀ.ਸੀ. ਐੱਲ.ਐੱਨ.ਜੀ. ਸੁਵਿਧਾਵਾਂ ਲਈ ਬੜੇ ਮੌਕੇ 'ਤੇ ਮੌਜੂਦ ਹੈ। ਆਉਂਦੇ ਸਾਲਾਂ ਵਿੱਚ, ਐੱਲ.ਐੱਨ.ਜੀ. ਵਿਕਾਸ ਨਾਲ ਹਜ਼ਾਰਾਂ ਨੌਕਰੀਆਂ ਅਤੇ ਬੀ.ਸੀ. ਵਿੱਚ ਅਨੇਕਾਂ ਬਿਲੀਅਨ ਡਾਲਰਾਂ ਦੇ ਨਿਵੇਸ਼ ਦੀ ਸਿਰਜਣਾ ਹੋ ਸਕਦੀ ਹੈ। ਇਸ ਤਬਦੀਲੀ ਲਈ ਤਿਆਰ ਹੋਣ ਵਾਸਤੇ ਉੱਤਰੀ ਖੇਤਰ ਵਿਚਲੇ ਭਾਈਚਾਰਿਆਂ ਨੂੰ ਮਦਦ ਕਰਨ ਲਈ ਹੁਣ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਹੁਣ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਇਹ ਸੋਚਣਾ ਸ਼ੁਰੂ ਕਰਨ ਦਾ ਸਮਾਂ ਹੈ ਕਿ ਐੱਲ.ਐੱਨ.ਜੀ. ਵਿਕਾਸ ਤੋਂ ਭਵਿੱਖ ਵਿੱਚ ਹੋਣ ਵਾਲੇ ਫ਼ਾਇਦਿਆਂ ਨੂੰ ਸੂਬੇ ਵਿੱਚ ਉੱਤਮ ਢੰਗ ਨਾਲ ਕਿਵੇਂ ਇਸਤੇਮਾਲ ਜਾਂ ਨਿਵੇਸ਼ ਕੀਤਾ ਜਾ ਸਕਦਾ ਹੈ। ਵਿਰਾਸਤੀ ਜਾਂ ਖ਼ੁਸ਼ਹਾਲੀ ਦਾ ਫ਼ੰਡ ਸਥਾਪਤ ਕਰ ਕੇ ਵੱਖ-ਵੱਖ ਪ੍ਰੋਗਰਾਮਾਂ, ਸਟ੍ਰੈਟੀਜਿਕ ਨਿਵੇਸ਼ਾਂ ਜਾਂ ਕਰਜ਼ਾ ਘਟਾਉਣ ਲਈ ਰਕਮ ਮੁਹੱਈਆ ਕੀਤੀ ਜਾ ਸਕਦੀ ਹੈ ਜਿਸ ਦਾ ਲਾਭ ਬ੍ਰਿਟਿਸ਼ ਕੋਲੰਬੀਆ ਦੀਆਂ ਆਉਣ ਵਾਲੀਆਂ ਕਈ ਪੁਸ਼ਤਾਂ ਨੂੰ ਹੋਵੇਗਾ।

### ਬੀ.ਸੀ. ਵੱਲੋਂ ਨਿਰਯਾਤ ਕੀਤੇ ਮਾਲ ਦਾ 40 ਫ਼ੀ ਸਦੀ ਹਿੱਸਾ ਹੁਣ ਏਸ਼ੀਆ ਨੂੰ ਜਾਂਦਾ ਹੈ

ਅੰਤਰ-ਰਾਸ਼ਟਰੀ ਪੱਧਰ 'ਤੇ ਬੀ.ਸੀ. ਦੇ ਨਿਰਯਾਤ ਦਾ ਸਾਲਾਨਾ ਹਿੱਸਾ




ਸਰੋਤ: ਬੀ.ਸੀ. ਸਟੈਟਸ

ਆਪਣੀ ਨਿਰਯਾਤ ਮੰਡੀ ਵਿੱਚ ਵੰਨ-ਸੁਵੰਨਤਾ ਲਿਆਉਣ ਲਈ ਅਸੀਂ ਮਿਹਨਤ ਕੀਤੀ ਹੈ। ਹੁਣ, ਬੀ.ਸੀ. ਵੱਲੋਂ ਨਿਰਯਾਤ ਕੀਤੇ ਮਾਲ ਦਾ 40 ਫ਼ੀ ਸਦੀ ਤੋਂ ਵੀ ਵੱਧ ਹਿੱਸਾ ਏਸ਼ੀਆ ਨੂੰ ਅਤੇ 45 ਫ਼ੀ ਸਦੀ ਹਿੱਸਾ ਅਮਰੀਕਾ ਨੂੰ ਜਾਂਦਾ ਹੈ। ਸਾਲ 2001 ਵਿੱਚ ਸੂਬੇ ਵੱਲੋਂ ਨਿਰਯਾਤ ਕੀਤੇ ਜਾਂਦੇ ਮਾਲ ਦਾ 70 ਫ਼ੀ ਸਦੀ ਤੋਂ ਵੀ ਵੱਧ ਹਿੱਸਾ ਅਮਰੀਕਾ ਨੂੰ ਜਾਂਦਾ ਸੀ। ਇਸ ਦੇ ਮੁਕਾਬਲੇ ਵਿੱਚ, ਐਲਬਰਟਾ ਆਪਣੇ 87 ਫ਼ੀ ਸਦੀ ਨਿਰਯਾਤ ਅਤੇ ਓਨਟੈਰੀਓ ਆਪਣੇ 78 ਫ਼ੀ ਸਦੀ ਨਿਰਯਾਤ ਲਈ ਅਮਰੀਕਾ 'ਤੇ ਨਿਰਭਰ ਕਰਦਾ ਹੈ। ਇਹ ਵੰਨ-ਸੁਵੰਨਤਾ ਬੀ.ਸੀ. ਨੂੰ ਅਮਰੀਕਾ ਵਿਚਲੇ ਮੰਦਵਾੜਿਆਂ ਤੋਂ ਬਚਾਉਂਦੀ ਹੈ ਅਤੇ ਸਾਨੂੰ ਚੀਨ ਵਰਗੀਆਂ ਤੇਜ਼ੀ ਨਾਲ ਵਿਕਾਸ ਕਰ ਰਹੀ ਮੰਡੀਆਂ ਦਾ ਫ਼ਾਇਦਾ ਉਠਾਉਣ ਦਿੰਦੀ ਹੈ। ਪੈਸੀਫ਼ਿਕ ਖਿੱਤੇ ਵਿੱਚ ਮੰਗ ਨਿਰੰਤਰ ਵਧ ਰਹੀ ਹੈ ਜੋ ਕਿ ਸਾਨੂੰ ਆਪਣੇ ਨਿਰਯਾਤ ਦੇ ਵਿਸਥਾਰ ਅਤੇ ਆਪਣੀ ਐੱਲ.ਐੱਨ.ਜੀ. ਦੇ ਵਿਕਾਸ ਨੂੰ ਹੋਰ ਤੇਜ਼ ਕਰਨ, ਨੈਚੁਰਲ ਗੈਸ ਦੀ ਸਾਡੀ ਅਥਾਹ ਸਪਲਾਈ ਅਤੇ ਕੈਨੇਡਾ ਦੇ ਪੈਸੀਫ਼ਿਕ ਸੂਬੇ ਵਜੋਂ ਮੌਕੇ 'ਤੇ ਸਥਿਤ ਹੋਣ ਦੀ ਆਪਣੀ ਲੋਕੇਸ਼ਨ ਦਾ ਲਾਭ ਲੈਣ ਲਈ ਪ੍ਰੇਰਿਤ ਕਰਦੀ ਹੈ।

### $80 ਬਿਲੀਅਨ ਤੋਂ ਵੀ ਵੱਧ ਦੇ ਵੱਡੇ ਪ੍ਰੌਜੈੱਕਟ ਉਸਾਰੀ ਅਧੀਨ ਹਨ

ਬੀ.ਸੀ. ਵਿੱਚ $80 ਬਿਲੀਅਨ ਤੋਂ ਵੀ ਵੱਧ ਦੇ ਵੱਡੇ ਪੱਧਰ ਦੇ ਪ੍ਰੌਜੈੱਕਟ ਉਸਾਰੀ ਅਧੀਨ ਹਨ। ਵੱਖ-ਵੱਖ ਤਰ੍ਹਾਂ ਦੇ ਆਰਥਿਕ ਖੇਤਰਾਂ ਵਿੱਚ ਇਹ ਕੰਮ ਚਲ ਰਿਹਾ ਹੈ — ਸਮੁੰਦਰੀ ਜਹਾਜ਼ਸਾਜ਼ੀ, ਨੈਚੁਰਲ ਗੈਸ, ਖਾਨਾਂ ਦੀ ਖੁਦਾਈ, ਉਤਪਾਦਨ, ਆਵਾਜਾਈ ਅਤੇ ਕਮਰਸ਼ੀਅਲ ਅਤੇ ਰਿਹਾਇਸ਼ੀ ਉਸਾਰੀ।

### ਬੀ.ਸੀ. ਦੇ ਆਰਥਕ ਵਿਕਾਸ ਦੀ ਪੇਸ਼ੀਨਗੋਈ

| | | |
|---|---|---|
| 1.6 ਫ਼ੀ ਸਦੀ – 2013 | 2.2 ਫ਼ੀ ਸਦੀ – 2014 | 2.5 ਫ਼ੀ ਸਦੀ – 2015 |

# ਕ੍ਰੈਡਿਟ ਰੇਟਿੰਗ

## — ਸਭ ਤੋਂ ਉਚੇਰਾ ਉਪਲਬਧ ਮਿਆਰ

### ਬੀ.ਸੀ. ਦਾ ਕਰਜ਼ੇ ਅਤੇ ਘਰੇਲੂ ਉਪਜ (ਜੀ.ਡੀ.ਪੀ.) ਦਾ ਅਨੁਪਾਤ **AAA** ਰੇਟਿੰਗ ਦਾ ਸਮਰਥਨ ਕਰਦਾ ਹੈ

ਟੈਕਸ ਅਧਾਰਤ ਕਰਜ਼ੇ ਅਤੇ ਜੀ.ਡੀ.ਪੀ ਦਾ ਅਨੁਪਾਤ




ਸਰੋਤ: ਬੀ.ਸੀ. ਮਨਿਸਟਰੀ ਆਫ਼ ਫ਼ਾਇਨੈਂਸ (ਮਾਲੀ ਵਰ੍ਹਾ 2012/13 ਵਿੱਚ) ਅਤੇ ਮੂਡੀ'ਜ਼ ਇਨਵੈਸਟਰ ਸਰਵਿਸਿਜ਼

## ਬੀ.ਸੀ. ਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼

ਟੈਕਸ ਰਾਹੀਂ ਵਸੂਲੀ ਰਕਮ ਦੀ ਮਦਦ ਨਾਲ ਸਰਕਾਰ ਆਉਂਦੇ ਤਿੰਨ ਸਾਲ ਦੌਰਾਨ ਬੁਨਿਆਦੀ ਪ੍ਰੌਜੈਕਟਾਂ ਵਿੱਚ $10.4 ਬਿਲੀਅਨ ਨਿਵੇਸ਼ ਕਰੇਗੀ, ਜਿਨ੍ਹਾਂ ਵਿੱਚ ਸ਼ਾਮਲ ਹਨ:

» ਮੰਡੀ ਤਕ ਮਾਲ ਪਹੁੰਚਾਉਣ ਅਤੇ ਰੈਪਿਡ ਟ੍ਰਾਂਜ਼ਿਟ ਵਿੱਚ ਸੁਧਾਰ ਲਈ ਆਵਾਜਾਈ ਸੰਬੰਧੀ ਬੁਨਿਆਦੀ ਢਾਂਚਾ।

» ਨਵੇਂ, ਬਦਲਵੇਂ ਅਤੇ ਰੈਨੋਵੇਟ (ਨਵੀਨੀਕਰਨ) ਕੀਤੇ ਸਕੂਲ।

» ਵੈਨਕੂਵਰ ਆਇਲੈਂਡ, ਰਿੱਚਮੰਡ, ਕੈਮਲੂਪਸ ਅਤੇ ਕੈਲੋਨਾ ਵਿੱਚ ਪੋਸਟ-ਸੈਕੰਡਰੀ ਅਦਾਰਿਆਂ ਦਾ ਵਿਸਥਾਰ, ਤਬਦੀਲੀਆਂ ਅਤੇ ਆਧੁਨਿਕੀਕਰਨ।

» ਸਿਹਤ ਸੁਵਿਧਾਵਾਂ ਜਿਵੇਂ ਕਿ ਬੀ.ਸੀ. ਚਿਲਡ੍ਰਨ'ਜ਼ ਐਂਡ ਵੁਮੈੱਨ ਹਸਪਤਾਲ, ਸਰ੍ਹੀ ਮਮੋਰੀਅਲ, ਇਨਟੀਰੀਅਰ ਹਾਰਟ ਐਂਡ ਸਰਜੀਕਲ ਸੈਂਟਰ, ਨੌਰਥ ਆਇਲੈਂਡ ਵਾਲੇ ਦੋ ਹਸਪਤਾਲ, ਲੇਕਸ ਡਿਸਟ੍ਰਿਕਟ ਹਸਪਤਾਲ ਅਤੇ ਕੁਈਨ ਸ਼ੈਰਲਟ/ਹਾਇਡਾ ਗੁਵਾਈ ਹਸਪਤਾਲ।



### ਬੀ.ਸੀ. ਦੇ ਖੇਤੀਬਾੜੀ ਖੇਤਰ ਦਾ ਸਮਰਥਨ

» ਖੇਤੀਬਾੜੀ ਜ਼ਮੀਨ ਦੇ ਕਮਿਸ਼ਨ ਨੂੰ ਖੇਤੀਬਾੜੀ ਲਈ ਰਾਖਵੀਂ ਜ਼ਮੀਨ ਦੀ ਨਿਗਰਾਨੀ ਲਈ ਤਿੰਨ ਸਾਲ ਦੌਰਾਨ $4 ਮਿਲੀਅਨ ਵਾਧੂ ਮਿਲਣਗੇ।

» ਕਮਰਸ਼ੀਅਲ ਗ੍ਰੀਨਹਾਊਸ ਵਿੱਚ ਸਬਜ਼ੀਆਂ ਅਤੇ ਫੁੱਲ ਉਗਾਉਣ ਵਾਲਿਆਂ ਨੂੰ ਕਾਰਬਨ ਟੈਕਸ ਸੰਬੰਧੀ ਮੌਜੂਦਾ ਰਿਆਇਤ ਮਿਲਦੀ ਰਹੇਗੀ। ਨਵੀਂ ਗਰਾਂਟ ਗ੍ਰੀਨਹਾਊਸ ਦੇ ਕਾਰਜਾਂ ਲਈ ਵਿਸ਼ੇਸ਼ ਕਿਸਮ ਦੇ ਫ਼ਿਊਲ ਇਸਤੇਮਾਲ ਕਰਨ ਸੰਬੰਧੀ ਕਾਰਬਨ-ਟੈਕਸ ਲਾਗਤਾਂ ਵਿੱਚ 80 ਫ਼ੀ ਸਦੀ ਰਿਆਇਤ ਪ੍ਰਦਾਨ ਕਰੇਗੀ।

» ਸਰਕਾਰ ਕਿਸਾਨਾਂ ਲਈ ਰੰਗੀਨ ਮੋਟਰ ਫ਼ਿਊਲ ਉੱਪਰ ਦਿੱਤੇ ਕਾਰਬਨ ਟੈਕਸ ਨੂੰ ਮੁਆਫ਼ ਕਰਨ ਦਾ ਵਿਚਾਰ ਵੀ ਰੱਖਦੀ ਹੈ।



## ਪੂਰੇ ਮੁਲਕ ਵਿੱਚੋਂ ਟੈਕਸਾਂ ਦਾ ਸਭ ਤੋਂ ਘੱਟ ਬੋਝ

ਇਸ ਸਰਕਾਰ ਨੇ ਬ੍ਰਿਟਿਸ਼ ਕੋਲੰਬੀਅਨਾਂ ਦੇ ਟੈਕਸ ਘਟਾਉਣ ਲਈ ਮਹੱਤਵਪੂਰਨ ਕਦਮ ਚੁੱਕੇ ਹਨ। ਪਰਿਵਾਰਾਂ ਉੱਪਰ ਟੈਕਸ ਦਾ ਬੋਝ ਘਟਾਉਣ ਅਤੇ ਬੀ.ਸੀ. ਦੇ ਕਾਰੋਬਾਰਾਂ ਨੂੰ ਮੁਕਾਬਲੇ ਦਾ ਬਣਾਉਣ ਲਈ ਅਸੀਂ ਨਿੱਜੀ ਅਤੇ ਕਾਰਪੋਰੇਟ ਆਮਦਨ ਟੈਕਸਾਂ ਵਿੱਚ ਵੱਡੀ ਕਟੌਤੀ ਕੀਤੀ ਹੈ। ਜਦੋਂ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ, ਬ੍ਰਿਟਿਸ਼ ਕੋਲੰਬੀਅਨਾਂ ਉੱਪਰ ਸਮੁੱਚੇ ਤੌਰ 'ਤੇ ਟੈਕਸ ਦਾ ਬੋਝ ਕੈਨੇਡਾ ਵਿਚਲੇ ਸਭ ਤੋਂ ਘੱਟ ਟੈਕਸਾਂ ਵਿੱਚ ਸ਼ਾਮਲ ਹੈ — ਜਿਸ ਵਿੱਚ ਆਮਦਨ ਟੈਕਸ, ਖਪਤ ਟੈਕਸ, ਐੱਮ.ਐੱਸ.ਪੀ. ਪ੍ਰੀਮੀਅਮ ਅਤੇ ਪੇਰੋਲ ਟੈਕਸ ਸ਼ਾਮਲ ਹਨ, ਅਤੇ ਸਾਲਾਨਾ $122,000 ਤਕ ਦੀ ਆਮਦਨ ਵਾਲੇ ਲੋਕਾਂ ਲਈ ਕੈਨੇਡਾ ਵਿੱਚ ਸਭ ਤੋਂ ਘੱਟ ਸੂਬਾਈ ਨਿੱਜੀ ਟੈਕਸ ਬ੍ਰਿਟਿਸ਼ ਕੋਲੰਬੀਆ ਵਿੱਚ ਹੈ।













## ਜ਼ਿਆਦਾ ਜਾਣਕਾਰੀ ਲਈ

ਬਜਟ 2013 ਦੇ ਵੇਰਵੇ ਲਈ ਦੇਖੋ:
www.bcbudget.ca

ਮਨਿਸਟਰੀ ਆਫ਼ ਫ਼ਾਇਨੈਂਸ
(ਵਿੱਤ ਮੰਤਰਾਲਾ):
www.gov.bc.ca/fin

BRITISH COLUMBIA

ਇਹ ਦਸਤਾਵੇਜ਼ ਊਰਜਾ ਦੇ ਨਵਿਆਉਣਯੋਗ ਸਰੋਤਾਂ ਰਾਹੀਂ ਵਾਤਾਵਰਣ ਪੱਖੀ ਐਲੀਮੈਂਟਲ ਕਲੋਰੀਨ ਰਹਿਤ ਕਾਗਜ਼ ਉੱਪਰ ਛਾਪਿਆ ਗਿਆ ਅਤੇ ਇਸ ਵਿੱਚ ਉਪਭੋਗਤਾ ਵੱਲੋਂ ਇਸਤੇਮਾਲ ਕੀਤੇ ਜਾਣ ਤੋਂ ਬਾਅਦ ਮੁੜ ਵਰਤੋਂ ਵਿੱਚ ਲਿਆਂਦਾ ਫ਼ਾਈਬਰ ਵੀ ਸ਼ਾਮਲ ਹੈ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਵਿੱਚ ਸਾਂਭ-ਸੰਭਾਲ ਦੀਆਂ ਉੱਤਮ ਵਿਧੀਆਂ ਸ਼ਾਮਲ ਕੀਤੀਆਂ ਗਈਆਂ ਹਨ। ਕਿਰਪਾ ਕਰਕੇ ਸਿਕੋੜੋ, ਦੁਬਾਰਾ ਇਸਤੇਮਾਲ ਕਰੋ ਅਤੇ ਰੀਸਾਇਕਲ ਕਰੋ।